**ਪ੍ਰੈਸ ਨੋਟ**

ਸ੍ਰੀ ਰਾਜਬਚਨ ਸਿੰਘ ਸੰਧੂ PPS/SSP ਲੁਧਿਆਣਾ ਦਿਹਾਤੀ ਜੀ ਵੱਲੋਂ ਨਸ਼ਾ ਵੇਚਣ ਵਾਲੇ ਅਤੇ ਸਮਾਜ ਵਿਰੋਧੀ ਅਨਸਰਾ ਨੂੰ ਕਾਬੂ ਕਰਨ ਲਈ ਚਲਾਈ ਮੁਹਿੰਮ ਨੂੰ ਉਸ ਵਕਤ ਭਾਰੀ ਸਫਲਤਾ ਮਿਲੀ ਜਦੋਂ ਸ੍ਰੀਮਤੀ ਗੁਰਮੀਤ ਕੌਰ PPS SP(O) ਵਾਧੂ ਚਾਰਜ SP (D) ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਅਜੇ ਸਿੰਘ ਪੀ ਪੀ ਐਸ, ਉਪ ਕਪਤਾਨ ਪੁਲਿਸ, ਹੋਮੀਸਾਈਡ ਅਤੇ ਫੋਰਾਸਿਕ ਸਾਇੰਸ ਲੁਧਿਆਣਾ (ਦਿਹਾਤੀ) ਦੀ ਨਿਗਰਾਨੀ ਹੇਠ ਇੰਸ: ਪ੍ਰੇਮ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਲੁਧਿਆਣਾ ਦਿਹਾਤੀ ਦੀ ਪੁਲਿਸ ਪਾਰਟੀ ਐਸ.ਆਈ ਗੁਰਸੇਵਕ ਸਿੰਘ ਸੀ.ਆਈ.ਏ ਸਟਾਫ ਜਗਰਾਉਂ, ਏ ਐਸ ਆਈ ਰਣਧੀਰ ਸਿੰਘ ਨੂੰ ਇਤਲਾਹ ਮਿਲੀ ਕਿ ਬਲਦੇਵ ਸਿੰਘ ਉਰਫ ਭੁੱਲਾ ਅਤੇ ਸੁਖਦੇਵ ਸਿੰਘ ਉਰਫ ਸੇਬੂ ਪੁੱਤਰਾਨ ਬਗੀਚਾ ਸਿੰਘ ਵਾਸੀ ਪਿੰਡ ਕੋਟ ਮੁਹੰਮਦ ਖਾਨ ਥਾਣਾ ਧਰਮਕੋਟ ਜਿਲਾ ਮੋਗਾ ਜੋ ਗੱਡੀ ਸਕਾਰਪੀਓ ਨੰਬਰ ਪੀ ਬੀ-02-BQ-8071 ਰੰਗ ਚਿੱਟਾ ਅਤੇ ਗੱਡੀ ਇਨੋਵਾ ਨੰਬਰ ਪੀ ਬੀ-11-AL-5555 ਰੰਗ ਸਿਲਵਰ ਪਰ ਸਵਾਰ ਹੋਕੇ ਲੁਧਿਆਣਾ ਸਾਈਡ ਤੋਂ ਭੁੱਕੀ ਚੂਰਾ ਪੋਸਤ ਲਿਆਕੇ ਜਗਰਾਉਂ ਦੇ ਆਸ ਪਾਸ ਦੇ ਪਿੰਡਾਂ ਵਿੱਚ ਵੇਚਣ ਦਾ ਧੰਦਾ ਵੱਡੀ ਪੱਧਰ ਤੇ ਕਰਦੇ ਹਨ। ਜੋ ਅੱਜ ਵੀ ਉਪਰੋਕਤ ਵਹੀਕਲਾਂ ਵਿੱਚ ਭੁੱਕੀ ਚੂਰਾ ਪੋਸਤ ਲੱਦ ਕੇ ਲੁਧਿਆਣਾ ਸਾਈਡ ਤੋਂ ਪਿੰਡ ਭੂੰਦੜੀ ਹੁੰਦੇ ਹੋਏ ਪਿੰਡ ਗੋਰਸੀਆਂ ਮੱਖਣ ਦੇ ਰਸਤੇ ਤੋਂ ਜਗਰਾਉਂ ਸਾਈਡ ਨੂੰ ਵੇਚਣ ਲਈ ਆ ਰਹੇ ਹਨ। ਜੇਕਰ ਪੁਲ ਨਹਿਰ ਗੋਰਸੀਆਂ ਮੱਖਣ ਪਰ ਨਾਕਾਬੰਦੀ ਕੀਤੀ ਜਾਵੇ ਤਾਂ ਉਪਰੋਕਤ ਦੋਵੇਂ ਵਿਅਕਤੀ ਸਮੇਤ ਉਕਤ ਵਹੀਕਲਾਂ ਅਤੇ ਭਾਰੀ ਮਾਤਰਾ ਵਿੱਚ ਭੁੱਕੀ ਚੂਰਾ ਪੋਸਤ ਦੇ ਕਾਬੂ ਆ ਸਕਦੇ ਹਨ। ਜੋ ਇਤਲਾਹ ਭਰੋਸੇਯੋਗ ਹੋਣ ਕਰਕੇ ਉਪਰੋਕਤ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 199 ਮਿਤੀ 28.11.2021 ਅ/ਧ 15,25-61-85 ਐਨ ਡੀ ਪੀ ਐਸ ਐਕਟ ਥਾਣਾ ਸਿੱਧਵਾਂ ਬੇਟ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੌਰਾਨੇ ਤਫਤੀਸ਼ ਨਾਕਾਬੰਦੀ ਦੌਰਾਨ ਉਪਰੋਕਤ ਮੁਸੱਮੀਆਨ ਪਾਸੋਂ **08 ਗੱਟੂ ਪਲਾਸਟਿਕ ਭੁੱਕੀ ਚੂਰਾ ਪੋਸਤ (ਹਰੇਕ ਗੱਟੂ 20 ਕਿਲੋਗ੍ਰਾਮ), ਇੱਕ ਗੱਡੀ ਸਕਾਰਪੀਓ ਨੰਬਰ ਪੀ ਬੀ-02-BQ-8071 ਰੰਗ ਚਿੱਟਾ, ਗੱਡੀ ਇਨੋਵਾ ਨੰਬਰ ਪੀ ਬੀ-11-AL-5555 ਰੰਗ ਸਿਲਵਰ** ਬ੍ਰਾਮਦ ਕੀਤੇ ਅਤੇ ਦੌਰਾਨੇ ਤਫਤੀਸ਼ ਉਕਤ ਦੋਸ਼ੀਆਂ ਦੇ ਕਬਜਾ ਵਿੱਚੋਂ **03 ਗੱਟੂ ਪਲਾਸਟਿਕ ਭੁੱਕੀ ਚੂਰਾ ਪੋਸਤ (ਹਰੇਕ ਗੱਟੂ 20 ਕਿਲੋਗ੍ਰਾਮ) ਹੋਰ ਸਮੇਤ ਇੱਕ ਕਾਰ ਮਾਰਕਾ ਅਲਟੋ ਨੰਬਰ ਪੀ ਬੀ 10-EC -5766 ਰੰਗ ਸਿਲਵਰ ਅਤੇ ਇੱਕ ਕਾਰ ਮਾਰਕਾ ਅਲਟੋ ਨੰਬਰ ਪੀ ਬੀ 10-BR-6853 ਰੰਗ ਕਾਲਾ ਅਤੇ 31,500/- ਰੁਪਏ ਡਰੱਗ ਮਨੀ** ਬ੍ਰਾਮਦ ਕਰਕੇ ਦੋਵਾਂ ਮੁਸੱਮੀਆਨ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ। ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਉਪਰੋਕਤ ਦੋਵੇਂ ਦੋਸ਼ੀਆਨ ਪਾਸੋਂ ਹੋਰ ਪੁੱਛਗਿੱਛ ਬਾਰੀਕੀ ਨਾਲ ਕੀਤੀ ਗਈ ਅਤੇ ਜਿੰਨਾ ਨੇ ਦੱਸਿਆ ਕਿ ਅਸੀਂ ਇਹ ਭੁੱਕੀ ਚੂਰਾ ਪੋਸਤ ਮੋਗੇ ਦੇ ਨਾਮਵਰ ਸਮੱਗਲਰ ਬਿੱਟੂ ਪੁੱਤਰ ਘੁੱਦੂ, ਲੱਭੂ ਪੁੱਤਰ ਪਿੱਪਲ ਸਿੰਘ ਵਾਸੀਆਨ ਦੌਲੇਵਾਲ ਜਿਲਾ ਮੋਗਾ ਪਾਸੋਂ ਖ੍ਰੀਦ ਕੀਤੀ ਹੈ। ਜੋ ਪਿੱਪਲ ਸਿੰਘ ਅੱਜਕੱਲ ਐਨ ਡੀ ਪੀ ਐਸ ਐਕਟ ਦੇ ਕੇਸ ਵਿੱਚ ਫਰੀਦਕੋਟ ਜੇਲ ਵਿੱਚ 04 ਮੁਕੱਦਮਿਆਂ ਅਧੀਨ 10/10 ਸਾਲ ਦੀ ਸਜਾ ਕੱਟ ਰਿਹਾ ਹੈ। ਇੰਨਾ ਸਮੱਗਲਰਾਂ ਦੇ ਖਿਲਾਫ ਪਹਿਲਾਂ ਵੀ ਵੱਖ-2 ਥਾਣਿਆ ਵਿੱਚ ਐਨ ਡੀ ਪੀ ਐਸ ਐਕਟ ਦੇ ਮੁਕੱਦਮੇ ਦਰਜ ਹਨ ਅਤੇ ਮੁਸੱਮੀ ਬਲਦੇਵ ਸਿੰਘ ਉਰਫ ਭੁੱਲਾ ਨੂੰ ਇੱਕ ਮੁਕੱਦਮਾ ਵਿੱਚ 10 ਸਾਲ ਦੀ ਸਜਾ ਹੋਈ ਹੈ। ਜੋ ਸਾਢੇ ਚਾਰ ਸਾਲ ਜੇਲ ਕੱਟ ਕੇ ਬੇਲ ਤੇ ਆਇਆ ਹੋਇਆ ਹੈ। ਦੋਸ਼ੀ ਬਲਦੇਵ ਸਿੰਘ ਦੋਨੋ ਮੁਕੱਦਮਿਆਂ ਵਿੱਚ ਸਜਾ ਹੋਇਆ ਹੈ ਅਤੇ ਇੰਨਾ ਦੇ ਨਸ਼ਾ ਸਮੱਗਲਰਾਂ ਨਾਲ ਸਬੰਧ ਹਨ। ਜਿੰਨਾ ਦਾ ਪਤਾ ਕਰਕੇ ਉਨਾ ਖਿਲਾਫ ਵੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਦੋਸ਼ੀਆਂ ਪਾਸੋਂ ਪੁੱਛਗਿੱਛ ਜਾਰੀ ਹੈ ਅਤੇ ਉਕਤ ਦੋਸ਼ੀਆਂ ਦੀ ਜਾਇਦਾਦ ਦੇ ਵੇਰਵੇ ਹਾਸਲ ਕੀਤੇ ਜਾ ਰਹੇ ਹਨ। ਜੋ ਇੰਨਾ ਨੇ ਨਸ਼ਾ ਤਸਕਰੀ ਕਰਕੇ ਜਾਇਦਾਦਾ ਬਣਾਈਆਂ ਹੋਈਆਂ ਹਨ। ਜਿੰਨਾ ਦੀ ਪ੍ਰਾਪਰਟੀ ਕਾਨੂੰਨ ਮੁਤਾਬਿਕ ਜਬਤ ਕਰਵਾਈ ਜਾਵੇਗੀ।

**ਦੋਸ਼ੀਆਂ ਦੇ ਨਾਮ:-**

1. **ਬਲਦੇਵ ਸਿੰਘ ਉਰਫ ਭੁੱਲਾ**
2. **ਸੁਖਦੇਵ ਸਿੰਘ ਉਰਫ ਸੇਬੂ ਪੁੱਤਰਾਨ ਬਗੀਚਾ ਸਿੰਘ ਵਾਸੀ ਪਿੰਡ ਕੋਟ ਮੁਹੰਮਦ ਖਾਨ ਥਾਣਾ ਧਰਮਕੋਟ ਜਿਲਾ ਮੋਗਾ। (ਹਾਲ ਵਾਸੀ ਨਿਊ ਫਰੈਂਡ ਕਲੋਨੀ, ਹੈਬੋਵਾਲ ਕਲ੍ਹਾ ਨੇੜੇ ਅਮਰ ਸਵੀਟ ਸ਼ਾਪ ਲੁਧਿਆਣਾ)**

**ਬ੍ਰਾਮਦਗੀ:-**

1. 11 ਗੱਟੂ ਪਲਾਸਟਿਕ ਭੁੱਕੀ ਚੂਰਾ ਪੋਸਤ (ਹਰੇਕ ਗੱਟੂ 20 ਕਿਲੋਗ੍ਰਾਮ)
   **ਕੁੱਲ 11×20=220 ਕਿਲੋਗ੍ਰਾਮ**
2. ਇੱਕ ਗੱਡੀ ਸਕਾਰਪੀਓ ਨੰਬਰ ਪੀ ਬੀ-02-BQ-8071 ਰੰਗ ਚਿੱਟਾ
3. ਗੱਡੀ ਇਨੋਵਾ ਨੰਬਰ ਪੀ ਬੀ-11-AL-5555 ਰੰਗ ਸਿਲਵਰ
4. ਇੱਕ ਕਾਰ ਮਾਰਕਾ ਅਲਟੋ ਨੰਬਰ ਪੀ ਬੀ 10-EC -5766 ਰੰਗ ਸਿਲਵਰ
5. ਇੱਕ ਕਾਰ ਮਾਰਕਾ ਅਲਟੋ ਨੰਬਰ ਪੀ ਬੀ 10-BR-6853 ਰੰਗ ਕਾਲਾ
   ਡਰੱਗ ਮਨੀ = 31,500/- ਰੁਪਏ ।